# ਲੋਕ ਤੱਥ

ਦੁਕਾਨਦਾਰ ਨਰਮ ਚੰਗਾ,
ਤਵਾ ਗਰਮ ਚੰਗਾ।
ਜਖਮ ਨੂੰ ਮੱਲ੍ਹਮ ਚੰਗਾ,
ਦਰਦ ਘਟਾ ਦੇਵੇ।
ਅੜੀਅਲ ਘੋੜਾ ਮਾੜਾ,
ਵਿਛੜਿਆ ਜੋੜਾ ਮਾੜਾ।
ਚੂਈ ਵਾਲਾ ਫੋੜਾ ਮਾੜਾ,
ਮੂੰਹਧੇ ਮੂੰਹ ਪਾ ਦੇਵੇ।
ਭਲੇ ਵੇਲੇ ਜਨਮ ਚੰਗਾ,
ਕੀਤਾ ਕਰਮ ਚੰਗਾ।
ਜਵਾਈ ਭਾਈ ਨਰਮ ਚੰਗਾ,
ਇੱਜਤ ਵਧਾ ਦੇਵੇ।
ਪਿੱਛੋਂ ਬੋਲ ਪਵੇ ਮਾੜਾ,
ਪਸ਼ੂਆਂ ਨੂੰ ਖਹਿ ਮਾੜਾ।
ਬੂਹੇ ਵਿੱਚ ਬਹਿ ਮਾੜਾ,
ਘਾਟਾ ਪਵਾ ਦੇਵੇ।
ਗੁਆਂਢੀ ਨਾਲ ਬੋਲ ਚੰਗਾ,
ਪੂਰਾ ਪੂਰਾ ਤੋਲ ਚੰਗਾ।
ਬਚਨ ਅਨਮੋਲ ਚੰਗਾ,
ਵੈਰ ਮਿਟਾ ਦੇਵੇ।
ਕੁੜਮ ਕਪੱਤਾ ਮਾੜਾ,
ਖੇਡਿਆ ਪੱਤਾ ਮਾੜਾ।
ਝੂਮਣੇ ਦਾ ਛੱਤਾ ਮਾੜਾ,
ਦਰੱਖਤ ਪਟਾ ਦੇਵੇ।
ਪਿੰਡੋਂ ਬਾਹਰ ਠਾਣਾ ਚੰਗਾ,
ਕੱਠਾ ਰਵੇ ਲਾਣਾ ਚੰਗਾ।
ਭੁੱਖ ਵੇਲੇ ਖਾਣਾ ਚੰਗਾ,
ਪੇਟ ਘਟਾ ਦੇਵੇ।
ਪੱਤੋ, ਨੂੰ ਕਸੂਰ ਮਾੜਾ,
ਘਰ ਵਿੱਚ ਸੂਰ ਮਾੜਾ।
ਸਾਕ ਤਾਂਈ ਘੂਰ ਮਾੜਾ,
ਰਿਸਤਾ ਤੁੜਾ ਦੇਵੇ।

**ਹਰਪ੍ਰੀਤ ਪੱਤੋ ਪਿੰਡ ਪੱਤੋ**
**ਹੀਰਾ ਸਿੰਘ ਮੋਗਾ**
**ਫੋਨ ਨੰਬਰ 94658-21417**

# ਜੋਬਨ

ਦੁੱਖਾਂ ਨਾਲ ਭਰਿਆ ਜਿੰਦਗੀ ਦਾ
ਪੰਨਾਂ ਵੇਖ ਲੈ ਪੜਕੇ ।
ਗਮ ਮੈਨੂੰ ਹੋਰ ਕੋਈ ਦੇ ਦੇਵੇ ਦਿੰਦਾ
ਹੋਕਾ ਚੌਂਕ ਚ ਖੜਕੇ ।

ਕਹਿੰਦੇ ਸੀ ਇਸ਼ਕ ਗੁੜ ਨਾਲੋਂ
ਮਿੱਠਾ ਹੁੰਦਾ ਏ
ਹੁਣ ਪਤਾ ਲੱਗਿਆ ਇਸ਼ਕ ਦਰਿਆਂ
ਚ ਹੜ ਕੇ।

ਫੇਰ ਦੁਨੀਆਂਦਾਰੀ ਦੀ ਸ਼ੁੱਧ ਬੁੱਧ
ਨਹੀਉਂ ਰਹਿੰਦੀ ਯਾਰੋ
ਜਦੋਂ ਜੋਬਨ ਬੋਲਦਾ ਏ ਸਿਰ ਦੇ ਉੱਤੇ
ਚੜ ਕੇ।

ਸਭ ਤੋਂ ਉੱਚੇ ਪਰਬਤ ਉੱਤੇ ਭਾਵੇਂ
ਆਪਣੇ ਮਹਿਲ ਬਣਾ
ਆਖਿਰ ਮਿੱਟੀ ਦੀ ਢੇਰੀ ਹੋਣਾ ਅੱਗ
ਚ ਸੜ ਕੇ ।

ਕੱਲ੍ਹ ਮੇਰੇ ਨਿੱਕੇ ਜਿਹੇ ਦੁੱਖ ਤੇ ਸਭ
ਕੁਰਲਾਉਂਦੇ ਸੀ
ਕਿਸੇ ਲਈ ਨਾ ਸਾਰ ਮੇਰੀ ਹਾਕਾਂ
ਮਾਰੀਆਂ ਪਾਰ ਖੜਕੇ ।

"ਸ਼ਾਇਰ "ਨੂੰ ਕਿੰਨੀ ਵਾਰੀ
ਸਮਝਾਇਆ ਦੁੱਖ ਰੋਇਆ ਨਾ ਕਰ
ਜਿੰਦਗੀ ਚਾਰ ਦਿਨਾਂ ਦੀ ਕੱਟ ਲੈ
ਖੁਸ਼ੀ -2 ਲੈਣਾ ਕੀ ਲੜਕੇ।

**ਜਸਵਿੰਦਰ ਸ਼ਾਇਰ**
**"ਪਪਰਾਲਾ "**
**9996568220**

# ਮੈ ਤੇ ਅੱਖਰ

ਮੈ ਹਾਂ ਉੱਲਝੀ ਹੋਈ ਕਵਿਤਾ,
ਮੈਨੂੰ ਡੂੰਘਾਂ ਸੋਚ ਵਿਚਾਰ।
ਦਿਲ ਦੇ ਕੋਰੇ ਕਾਗਜ ਉੱਤੇ,
ਤੂੰ ਮੈਨੂੰ ਖੂਬ ਚਿਤਾਰ।
ਹਰਫ ਤਾਰੀਫਾਂ ਵਾਲੇ ਲੱਭ ਕੇ,
ਮੇਰੀ ਰੂਹ ਨੂੰ ਦੇ ਸ਼ਿੰਗਾਰ।
ਭਰਕੇ ਰੰਗ ਮੁਹੱਬਤਾਂ ਵਾਲੇ,
ਮੈਨੂੰ ਅੱਖਰਾਂ ਵਾਂਗ ਨਿੱਖਾਰ।
ਜੇ ਕੋਈ ਹੋਜੇ ਗਲਤੀ ਮੈਥੋਂ,
ਮੈਨੂੰ ਵਰਕੇ ਵਾਂਗ ਖਿਲਾਰ।

**ਕਮਲਜੀਤ ਕੌਰ**
**ਧਾਲੀਵਾਲ**

# ਧਰਤੀ ਮਾਂ

ਧਰਤੀ ਦੀ ਨਾ ਸੁਣੇ ਕੋਈ ਪੁਕਾਰ
ਧਰਤੀ ਮਾਂ ਰਹੀ ਆਵਾਜਾਂ ਮਾਰ
ਸੁਣ ਲਓ ਪੁੱਤਰੋ ਮੇਰੀ ਬਾਤ
ਹੁਣ ਹੋਰ ਨੀ ਸਹਿਣ ਹੁੰਦਾ ਏ
ਦੁਰਵਿਵਹਾਰ
ਮਾਂ ਤੋਂ ਪਲ ਕੇ ਮਾਂ ਨੂੰ ਗੰਦਾ ਕਰਦੇ
ਓ
ਚੰਦ ਖੁਸੀ ਲਈ ਮੇਰਾ ਸੀਨਾ
ਛਲਣੀ ਕਰਦੇ ਓ
ਰੁੱਖਾਂ ਨੂੰ ਵੱਢ ਸੁੱਟਿਆ ਏ
ਧਰਤ ਪਾਣੀ ਮੁਕਾ ਦਿੱਤਾ
ਫਿਰ ਕਿਹੜੇ ਸਵੱਛ ਭਾਰਤ
ਅਭਿਆਨ ਦੀ ਗੱਲ ਕਰਦੇ ਓ
ਇੱਕ ਰੁੱਖ ਲਓ ਪੰਜ- ਪੰਜ ਜਣੇ
ਹੱਥ ਲਾ ਖੜਦੇ ਓ
ਕੀ ਮੇਰੇ ਉੱਪਰ ਅਹਿਸਾਨ ਜਾ
ਕਰਦੇ ਓ
ਕਿਉ ਸੋਝੀ ਆਉਂਦੀ ਨਹੀਂ ਤੁਹਾਨੂੰ
ਮੇਰੇ ਨਾਲ ਖਿਲਵਾੜ ਕਰਦੇ ਓ
ਮਾਂ ਵੀ ਕਹਿਣੇ ਓ ਤੇ ਮਾਂ ਨਾਲ ਹਿ
ਦੁਰਵਿਵਹਾਰ ਕਰਦੇ ਓ।



**ਮੋਨਿਕਾ ਗੋਇਲ ਹਰਿਆਊ**
**9876737507**

# ਅੱਖਰੋ ਅੱਖਰੀ

ਅੱਖਰੋਂ ਅੱਖਰੀਂ ਕਰਕੇ ਮੈਨੂੰ ਲੱਭੀਂ
ਵਿੱਚ ਕਿਤਾਬਾਂ ਦੇ,
ਹਰਫੋਂ ਹਰਫ ਕਰ ਬਿਆਨ ਜੋ ਤੱਕੇਂ
ਵਿੱਚ ਖਾਬਾਂ ਦੇ।
ਰੂਹ ਤੋਂ ਨਿੱਕਲ ਰੂਹ ਨੂੰ ਲੱਗ ਸਿੱਧਾ
ਤੀਰ ਜਾਵੇ,
ਮੈਂ ਭੱਜੀ ਆਵਾਂ ਜਿਉਂ ਰਾਂਝੇ ਕੋਲ
ਹੀਰ ਜਾਵੇ।
ਹਰਫੋਂ ਦੋ ਰੂਹਾਂ ਤੇ ਇੱਕੋ ਹੀ ਤੂੰ ਜਾਨ
ਲਿਖੀਂ,
ਮੈਨੂੰ ਜੰਨਤ ਲੈ ਜਾਵੀਂ ਕੋਈ ਨਾ
ਸਮਸ਼ਾਨ ਲਿਖੀਂ।
ਇਹ ਵੀ ਲਿਖੀ ਤੂੰ ਦਿਲ ਮੇਰੇ ਵਿੱਚ
ਵੱਸਦਾਂ ਏ,
ਹੌਲੀ ਹੌਲੀ ਰੂਹ ਮੇਰੀ ਵਿੱਚ ਜਾਣਾ
ਧੱਸਦਾਂ ਏ,
ਹਰਫ ਬਣਾ ਕਿਤਾਬੀ ਮੈਨੂੰ ਥੋੜੀ
ਜਿਹੀ ਜਾਨ ਪਾਈਂ,
ਭਰਕੇ ਰੰਗ ਮੋਹ ਵਾਲੇ ਕੋਈ ਨਾ
ਘਮਾਸਾਨ ਪਾਈਂ।
ਕਮਲ ਨੂੰ ਲਫਜਾਂ ਦੇ ਵਿੱਚ ਮੋਤੀਆਂ
ਵਾਂਗ ਸਜਾ ਦੇਵੀਂ,
ਵਰਕਾ ਵਰਕਾ ਦਿਲ ਚ ਸੰਭਾਲੀ
ਐਵੇਂ ਨਾ ਗਵਾ ਦੇਵੀਂ।
ਵਰਕਾ ਵਰਕਾ ਦਿਲ ਚ ਸੰਭਾਲੀ
ਐਵੇਂ ਨਾ ਗਵਾ ਦੇਵੀਂ।

**ਕਮਲਜੀਤ ਕੌਰ**
**ਧਾਲੀਵਾਲ**

# ਗਡੀਰਾ

ਲੱਕੜ ਦਾ ਗਡੀਰਾ ਮੈਨੂੰ,
ਪਾਪੇ ਦਿੱਤਾ ਬਣਵਾ ਕੇ।
ਰੰਗ ਬਿਰੰਗੇ ਡੰਡੇ ਲਾਏ,
ਫੁੱਲ ਬੂਟੀਆਂ ਪਾ ਕੇ।
ਤਿੰਨ ਪਹੀਆ ਤੇ ਰੁੜ੍ਹਦਾ ਜਾਵੇ,
ਜਾਂ ਹੱਥ ਡੰਡੇ ਨੂੰ ਪਾਵਾਂ।
ਮੂੰਹ ਦੇ ਨਾਲ ਮੈਂ ਪੀ ਪੀ ਕਰਕੇ,
ਵਾਜਾ ਪਿਆ ਵਜਾਵਾਂ।
ਵਧੀਆ ਕਾਰੀਗਰ ਬਣਾਇਆ,
ਵੇਖ ਵੇਖ ਖੁਸ ਹੋਵਾ।
ਮੰਮੀ ਮੇਰੀ ਜਦ ਫੜ ਕੇ ਰੱਖੇ,
ਮੈਂ ਬੁਸ ਬੁਸ ਕਰਕੇ ਰੋਵਾਂ।
ਰਾਤ ਨੂੰ ਮੈਨੂੰ ਨੀਂਦ ਨਾ ਆਵੇ,
ਕਿਤੇ ਲੈ ਨਾ ਜਾਵੇ ਬੀਰਾ।
ਹਰਪ੍ਰੀਤ ਪੱਤੋ, ਅੱਜ ਵੀ ਚੇਤੇ,
ਮੈਨੂੰ ਮੇਰਾ ਗਡੀਰਾ।

**ਹਰਪ੍ਰੀਤ ਪੱਤੋ ਪਿੰਡ ਪੱਤੋ**
**ਹੀਰਾ ਸਿੰਘ ਮੋਗਾ**
**ਫੋਨ ਨੰਬਰ 94658-21417**

ਆਵੇ ਸਮਝ ਨਾ ਕੀ ਸਮਝਿਆ
ਤੁਸੀਂ ਕੁੜੀਆਂ ਨੂੰ,
ਐਵੇਂ ਕਹਿ ਵਿਚਾਰੀ ਕਦੇ ਕਿਸਮਤ
ਚੁੜੀਆਂ ਨੂੰ।

ਜਾਲ ਸੁੱਟਣਾ ਲਾ ਕੇ ਲਾਰੇ ਹੱਦੋਂ
ਬਾਹਰ ਦੇ ਵੇ,
ਕਿਉਂ ਨਾ ਮੁੰਡਿਓ ਅਕਲ ਨੂੰ ਹੱਥ
ਮਾਰਦੇ ਵੇ।

ਕਹਿੰਨੇ ਓਂ ਗਲਤ ਕੀ ਆ ਏਸ
'ਚ, ਦੁਨੀਆਂ ਕਰਦੀ,
ਅਪਣੀ ਆਈ 'ਤੇ ਫਿਰ ਕਿਉਂ ਨਾ
ਥੋੜੀ ਮੱਤ ਜਰਦੀ???

ਕੁੜੀਆਂ ਦੇ ਅੱਗੇ ਵਧਣ 'ਚ ਏਦਾਂ
ਰੋੜੇ ਕਿਉਂ ਬਣਦੇ?
ਡੇਗਣ ਦੀ ਹਰ ਕੋਸਿਸ ਕਰ, ਕਿਉਂ
ਹਰ ਤਾਣਾ ਤਣਦੇ?

ਕਈ ਅੱਲੜਾਂ ਆ ਜਾਂਦੀਆਂ,
ਅਣਜਾਣੇ ਥੋੜੇ ਬਹਿਕਾਵਿਆਂ 'ਚ,
ਸਮਝ ਨਾ ਸਕਣ ਫਰਕ, ਕਦਰ ਤੇ
ਥੋੜੇ ਮਨ-ਪਰਚਾਵਿਆਂ 'ਚ।

ਕਰੋ ਅਕਲ ਕੁਝ, ਨਾ ਹਯਾ ਅਪਣੀ
ਵੀ ਲਹਾਓ ਵੇ,
ਹੋਰਾਂ ਨੂੰ ਕੁੱਝ ਕਰਨ ਦੋ, ਖੁਦ ਕੁੱਝ
ਕਰ ਕੇ ਦਿਖਾਓ ਵੇ।

"ਜੀਤ" ਜਿਹੀਆਂ ਦੀ ਜੁੱਤੀ ਨਹੀਂ
ਤਾਂ ਥੋੜੇ ਲਈ ਤਿਆਰ ਏ,
ਬਖਸਣਾ ਨੀ ਕੋਈ, ਐਵੇਂ ਹੁੰਦਾ ਜੋ
ਆਪੇ ਵਿੱਚੋਂ ਬਾਹਰ ਏ।

**ਜੀਤ ਕੌਰ ਖੁਰਦ**
**ਮੋਬਾਈਲ ਨੰ 7888363591**

# ਭਾਰੀ ਬਸਤਾ

ਮੈਂ ਖੋਤਿਆਂ ਜਿਉਂ ਲੱਦਿਆ ਰਹਿੰਦਾ,
ਝੋਲਾ ਮੋਢਿਆਂ ਤੇ ਚੜ੍ਹ ਬਹਿੰਦਾ।
ਲੱਗੇ ਇਉਂ ਚੁੱਕੀ ਪੰਡ ਭਾਰੀ,
ਬਾਬਾ ਜੀ ਮੇਰਾ ਬਸਤਾ ਭਾਰੀ।
ਕਈ ਗਾਈਡਾਂ ਕਈ ਪਾਠ ਪੁਸਤਕਾਂ,
ਕਾਪੀਆਂ ਮੈਂ ਲਿਖ ਲਿਖ ਕੇ ਥੱਕਾਂ।
ਢੇਰ ਕਿਤਾਬਾਂ ਨੇ ਮੱਤ ਮਾਰੀ,
ਦਾਦਾ ਜੀ ਮੇਰਾ ਬਸਤਾ ਭਾਰੀ।
ਪੀਰੀਅਡ ਵਿਚ ਸਰ ਖਿਝ ਖਿਝ ਪੈਂਦੇ,
ਡਰਦੇ ਮਾਰੇ ਬਸ ਚੁੱਪ ਈ ਰਹਿੰਦੇ।
ਕਮਰਿਆਂ ਦੇ ਵਿੱਚ ਰੱਖਣ ਤਾੜੀ,
ਪਾਪਾ ਜੀ ਮੇਰਾ ਬਸਤਾ ਭਾਰੀ।
ਖੇਡਣ ਲਈ ਦੋ ਪਲ ਨਾ ਮਿਲਦੇ,
ਹੋਮ ਵਰਕ ਵਿਚ ਰਹਿੰਦੇ ਉਲਝੇ।
ਕੱਢੀ ਕਸਰ ਟਿਊਸਨਾਂ ਨੇ ਸਾਰੀ,
ਮੰਮੀ ਜੀ ਮੇਰਾ ਬਸਤਾ ਭਾਰੀ।
ਨੰਬਰਾਂ ਦੀ ਮੈਨੂੰ ਦੌੜ ਵਿੱਚ ਪਾਇਆ,
ਚੰਗਾ ਮਾੜਾ ਸਮਝ ਨਾ ਆਇਆ।
ਸੁਪਨੇ ਮੇਰੇ ਜਾਂਦੇ ਮਾਰੀ,
ਮਾਸਟਰ ਜੀ ਮੇਰਾ ਬਸਤਾ ਭਾਰੀ।
ਧੱਕੇ ਨਾਲ ਨਾ ਠੋਸੋ ਗਿਆਨ,
ਏਦਾਂ ਨਾ ਕੋਈ ਬਣੇ ਮਹਾਨ।
ਖੋਹ ਲਿਆ ਬਚਪਨ ਚੀਜ ਪਿਆਰੀ,
ਬਾਬੂ ਜੀ ਮੇਰਾ ਬਸਤਾ ਭਾਰੀ।
ਅਕਲਾਂ ਵਾਲਿਓ ਕੱਢੋ ਰਸਤਾ,
ਹਲਕਾ ਕਰ ਦਿਓ ਮੇਰਾ ਬਸਤਾ।
ਤਰਲੇ ਪਾਉਂਦੀ ਜਿੰਦ ਬੇਚਾਰੀ,
ਨੇਤਾ ਜੀ ਮੇਰਾ ਬਸਤਾ ਭਾਰੀ।



**ਮਾਸਟਰ ਪ੍ਰੇਮ ਸਰੂਪ**
**ਛਾਜਲੀ(ਸੰਗਰੂਰ)**
**9417134982**

# ਜੰਗਬਾਜ ਹਾਕਮਾਂ ਨੂੰ

ਕਾਰਨ ਭਾਵੇਂ ਹੋਣ ਕੋਈ ਵੀ ,
ਜੰਗ ਤਬਾਹੀ ਲਿਆਉਂਦੀ ਹੈ .
ਸੁੱਖੀਂ ਸਾਂਦੀ ਵਸਦੇ ਰਸਦੇ ,
ਲੋਕਾਂ ਤਾਈਂ ਰਵਾਉਂਦੀ ਹੈ .
ਜੰਗਾਂ ਦਾ ਹੁਕਮ ਸੁਣਾਵਣ ਵਾਲੇ ,
ਮਾਵਾਂ ਦੇ ਦੁੱਖ ਨਹੀਂ ਜਾਣਦੇ :
ਪੁੱਤ ਕਿਸੇ ਦਾ ਮਰ ਜਾਏ ਭਾਵੇਂ ,
ਹਰ ਮਾਂ ਸੋਗ ਮਨਾਉਂਦੀ ਹੈ .

**ਮੂਲ ਚੰਦ ਸ਼ਰਮਾ 9914836037**

# ! ਅੱਖਰ !

ਮੈਂ ਜਿਵੇਂ ਬੁਲਾਵਾਂ ਇੰਨਾਂ ਨੂੰ
ਇਹ ਬੋਲ ਦੇ ਨੇ ਅੱਖਰ।
ਨਾ ਘੱਟ ਨਾ ਇਹ ਵੱਧ ,ਪੂਰਾ
ਤੋਲ ਦੇ ਨੇ ਅੱਖਰ।

ਇੰਨ੍ਹਾਂ ਦੀ ਕੀਮਤ ਕੋਈ ਨਹੀਂ
,ਇਹ ਨੇ ਸੁਚੇ ਮੋਤੀ,
ਲੱਖ ਕਰੋੜਾਂ ਦੇ ਹੀਰੇ ਨੇ ,ਇਹ
ਅੰਨਮੋਲ ਦੇ ਨੇ ਅੱਖਰ।

ਇਹ ਮਾਣ ਨੇ ਸਾਡਾ, ਇੰਨ੍ਹਾਂ
ਨਾਲ ਸਾਨ ਹੈ ਸਾਡੀ,
ਜਦੋਂ ਕੱਲੇ ਅਸੀਂ ਹੋਈਏ,ਦੁਖ
ਫਰੋਲ ਦੇ ਨੇ ਅੱਖਰ।

ਸਾਨੂੰ ਮਾਣ ਤਾਣ ਦੇਂਦੇ, ਸਾਡੀ
ਇੱਜਤ ਹੋਰ ਹੁੰਦੀ,
ਸਕੂਨ ਦਿਲ ਨੂੰ ਮਿਲਦਾ ਜਿਵੇਂ
ਹਨ ਕੋਲ ਦੇ ਨੇ ਅੱਖਰ।

ਸਾਰੀ ਜਿਦਗੀ ਲੰਘ ਗਈ,
ਇਹ ਲੱਭ ਲੱਭਕੇ ਯਾਰ,
ਹੁਣ ਤਾ ਜਾ ਸੰਮਝ ਪਈ ਮੈਨੂੰ
ਹੁਣ ਨੀ ਡੋਲਦੇ ਨੇ ਅੱਖਰ।

ਮਹਿਫਲ ਚ ਬਜਾਰਾਂ ਵਿੱਚ ਉੱਚੀ
ਸਾਨ ਹੈ ਹੁੰਦੀ,
ਜਿਵੇਂ ਬਾਗਾਂ ਚ ਕੋਇਲ ਕਿਸੇ
ਕੋਇਲ ਦੇ ਨੇ ਅੱਖਰ।

ਜਿਸ ਨੇ ਇੰਨ੍ਹਾਂ ਨੂੰ ਸੰਮਝ ਲਿਆ
ਇਹ ਉਸਦੇ ਹੋਏ,
ਇੰਨ੍ਹਾਂ ਸਬਦਾਂ ਵਿਚ ਮੋਤੀ ਇਹ
ਨਰੋਲ ਦੇ ਨੇ ਅੱਖਰ,

ਸੰਧੂ ਨਾ ਬੁਲਾਵੇ ਤਾਂ ਉਸ ਨਾਲ
ਰੁੱਸ ਜਾਂਦੇ ਇਹ,
ਚਾਨਣ ਜਾਂ ਹਨੇਰਾ ਹੋਵੇ ਮੈਨੂੰ
ਫਿਰ ਅਟੋਲ ਦੇ ਨੇ ਅੱਖਰ ।
ਮੈਨੂੰ ਟੋਲਦੇ ਦੇ ਅੱਖਰ



**ਲੇਖਕ- ਹਰੀ ਸਿੰਘ ਸੰਧੂ**
**ਸੁਖੇ ਵਾਲਾ**
**ਮੋਬਾ 98774-76161**

# ਗਜਲ

ਨਾ ਕੋਈ ਚਿਰਾਗ ਨਾ ਕੋਈ ਅੰਬਰੀਂ
ਤਾਰਾ ਕਿਹੜੇ ਪਾਣੀ ਜਾਵਾਂ ।
ਰਾਤਾਂ ਹਨੇਰੀਆਂ ਵਿੱਚ ਕੱਲਾ
ਪਿਆ ਠੇਡੇ ਮੈਂ ਖਾਵਾਂ ।

ਫੁੱਲਾਂ ਤੋਂ ਉਧਾਰੀ ਸੁਗੰਧ ਲੈ ਕੇ
ਜਿਹਨੂੰ ਸੀ ਮਹਿਕਾਇਆ
ਅੱਜ ਦਿੱਤੇ ਨੇ ਉਸੇ ਸਾਨੂੰ ਕੁੱਝ ਹੰਝੂ
ਤੇ ਹਾਵਾਂ ।

ਕਾਲੇ ਨਾਗਾਂ ਵਾਂਗੂੰ ਡੰਗਦੀਆਂ
ਰਾਤਾਂ ਇਕਲਾਪੇ ਦੀਆਂ
ਕੋਈ ਆਕੇ ਨਾ ਸਾਰ ਲਵੇ ਦੱਸੋ
ਕੀਹਨੂੰ ਦਰਦ ਸੁਣਾਵਾਂ ।

ਚਾਰ ਚੁਫੇਰੇ ਮਜਬੂਰੀ ਦੀਆਂ ਕੰਧਾਂ
ਵਾਹ ਨਾ ਚੱਲੇ ਮੇਰੀ
ਪੈਰਾਂ ਚ ਗਮਾਂ ਦੀਆਂ ਬੇੜੀਆਂ ਫੇਰ
ਦੱਸੋ ਕਿਵੇਂ ਤੋੜ ਵਗਾਵਾਂ ।

ਡੱਕਰੇ ਡੱਕਰੇ ਹੋਈਆਂ ਉਮੀਦਾਂ
ਆਸਾਂ ਦੇ ਸਾਹ ਉੱਖੜੇ
ਦਿਲ ਦੀ ਲਾਸ਼ ਚੁੱਕੀ ਫਿਰਾਂ
"ਸ਼ਾਇਰ "ਹੁਣ ਕਿਹੜੇ ਪਾਸੇ
ਜਾਵਾਂ ।



**ਜਸਵਿੰਦਰ ਸ਼ਾਇਰ "ਪਪਰਾਲਾ "**
**9996568220**

# ਕਾਸ

ਖੁਸਬੋ ਰੋਟੀ ਦੀ ਲੈ ਕਾਸ ਹਵਾ ਦਾ
ਆ ਜਾਏ ਬੁਲ੍ਹਾ ਜੇ
ਕੋਈ ਵਰ੍ਹ ਜਾਏ ਆ ਕੇ ਬੱਦਲ
ਪਿਆਸੇ ਬੁੱਲਾਂ ਤੇ
ਕੋਈ ਧੁੱਪ ਦੀ ਕੰਬਲੀ ਸੁਰਜ
ਦਾਨੀ ਦੇ ਜਾਏ ਠੰਡੀਆਂ ਰੁੱਤਾਂ'ਚ
ਕੋਈ ਸੀਤ ਹਵਾ ਲੰਘ ਸੀਨੇ 'ਚੋਂ
ਜਾਨ ਪਾ ਜਾਏ ਇਹਨਾ ਬੁੱਤਾਂ 'ਚ
ਕੋਈ ਚੰਨ ਚਾਨਣੀ ਵੰਡ ਜਾਏ
ਜਿੰਦਗੀ ਦੇ ਹਨੇਰੇ ਨੂੰ
ਤਾਰੇ ਬਣ ਦੀਵੇ ਰੁਸਣਾ ਜਾਵਣ
ਲੇਖਾਂ ਦੇ ਬਨੇਰੇ ਨੂੰ
ਟਾਹਣੀ ਰੁੱਖਾਂ ਦੀ ਕੋਈ ਆ ਕੇ
ਸੋਹਣਾ ਘਰ ਬਣਾ ਜਾਵੇ
ਕੁਦਰਤ ਵੰਡ ਸੌਗਾਤਾਂ ਅੰਨ
ਦੀਆਂ ਚੁੱਲ੍ਹੇ ਭਖਾ ਜਾਵੇ
ਸਾਰੇ ਦਿਨ ਦਾ ਅੱਕਿਆ ਹੱਥੀਂ
ਪਏ ਛਾਲਿਆਂ ਨੂੰ ਦਿਖਾਵਾਂ
ਕਾਸ! ਸਾਡੇ ਵੀ ਹੋਣ ਸਿਰਨਾਵੇਂ
ਜਿਥੇ ਸਾਮ ਪਈ ਤੋਂ ਮੁੜ ਜਾਵਾਂ

**ਮੰਜੂ ਸਰਮਾਂ**
**ਰਾਜੋਮਾਜਰਾ**

# ਰਹਿਮ ਗੁਜਾਰੋ

ਪਾਣੀ ਬਚਾਓ ਰੁੱਖ ਲਗਾਓ,
ਇਹੋ ਨਾਅਰਾ ਲਾਈਏ।
ਬੱਚਿਓ ਵਾਤਾਵਰਨ ਆਪਣਾ,
ਇਹਨੂੰ ਆਪਾਂ ਬਚਾਈਏ।
ਸੋਹਣੇ ਰੁੱਖ ਹਰਿਆਵਲ ਵੰਡਦੇ,
ਠੰਡੀਆਂ ਵਗਣ ਹਵਾਵਾਂ।
ਗੰਦੀ ਹਵਾ ਲੈ ਚੰਗੀ ਦਿੰਦੇ,
ਪਾਂਧੀ ਮਾਨਣ ਛਾਵਾਂ।
ਹੇਠ ਖੂਹ ਜਾਂ ਨਲਕਾ ਹੋਵੇ,
ਰਾਹੀ ਪੈਦਲ ਜਾਵੇ,
ਉੱਪਰੋਂ ਹੋਵੇ ਸਿਖਰ ਦੁਪਹਿਰਾ,
ਹੇਠਾਂ ਅਰਾਮ ਫਰਮਾਵੇ।
ਸਵਰਗ ਦੇ ਨਾਲੋਂ ਘੱਟ ਨੀ ਉਹ,
ਜਿੱਥੇ ਸਮੇਂ ਗੁਜਾਰੇ,
ਹੁੰਦੇ ਬ੍ਰਿਛ ਬੁੱਕਲ ਰੱਬ ਦੀ,
ਜਿੱਥੋਂ ਆਉਣ ਨਜਾਰੇ।
ਨਾ ਕੱਟੋ ਨਾ ਵੱਢੋ ਇਹਨਾਂ ਨੂੰ,
ਨਾ ਹੀ ਤੁਸੀਂ ਸਾੜੋ,
ਰੁੱਖ ਤਾਂ ਦਰਵੇਸ ਹੁੰਦੇ ਨੇ,
ਪੱਤੋ, ਰਹਿਮ ਗੁਜਾਰੋ।

**ਹਰਪ੍ਰੀਤ ਪੱਤੋ ਪਿੰਡ ਪੱਤੋ**
**ਹੀਰਾ ਸਿੰਘ ਮੋਗਾ**
**ਫੋਨ ਨੰਬਰ 9465821417**

# ਨਿੱਕੀ ਨਿੱਕੀ ਗੱਲ

ਐਵੇਂ ਨਿੱਕੀ ਨਿੱਕੀ ਗੱਲੋਂ
ਕਦੇ ਵੀ ਨਾ ਦਿਲ ਛੱਡੀਏ,
ਰਿਸ਼ਤੇ ਨੂੰ ਮਾੜਾ ਆਖ ਕਦੇ
ਵੀ ਨਾ ਫਾਹੇ ਵੱਡੀਏ।
ਕਦੇ ਨਾ ਕਦੇ ਤਾਂ ਮੇਲ ਹੋ ਹੀ
ਜਾਂਦੇ ਨੇ,
ਸਬਰ ਹੀ ਵੱਡੇ ਨਾਢੂ ਖਾਂ ਦੇ
ਦਿਲ ਮੋਹ ਜਾਂਦੇ ਨੇ।
ਪਾਣੀ ਭਰ ਭਰ ਅੱਖੀਆਂ ਚ
ਫਿਰ ਮਾਫੀ ਮੰਗਦੇ,
ਨਾਲੇ ਆਖਦੇ ਨੇ ਤੇਰੇ ਬਿਨਾਂ
ਦਿਨ ਸੂਲੀ ਟੰਗਦੇ।
ਮੈਂ ਕਿਹਾ ਕੋਈ ਨਾ ਕੋਈ ਤਾਂ
ਗੱਲ ਖਾਸ਼ ਹੁੰਦੀ ਏ,
ਉਡੀਕਾਂ ਵਾਲੀ ਮੁਹੱਬਤ ਵੀ
ਸੋਹਣਾ ਅਹਿਸਾਸ ਹੁੰਦੀ ਏ।
ਚਾਹਤ ਦਾ ਜਦੋਂ ਮੁੱਲ
ਪੈਂਦਾ,ਪੈਂਦਾ ਨਹੀਂਓ ਦੱਸ ਕੇ,
ਮਿੱਟੀ ਹੋ ਜਾਂਦੇ ਜੋ ਕਦੇ
ਲੰਘਦੇ ਸੀ ਹੱਸਕੇ।
ਕਮਲਜੀਤ ਕੌਰੇ ਜਿੰਦਗੀ ਨਾ
ਮਿਲੇ ਵਾਰ ਵਾਰ ਕੁੜੇ,
ਆਪਣੇ ਦੀ ਆਪਣੇ ਬਿਨਾਂ
ਲੈਂਦਾ ਕੌਣ ਸਾਰ ਕੁੜੇ।
ਆਪਣੇ ਦੀ ਆਪਣੇ ਬਿਨਾਂ
ਲੈਂਦਾ ਕੌਣ ਸਾਰ ਕੁੜੇ।



**ਲੇਖਿਕਾ ਕਮਲਜੀਤ ਕੌਰ**
**ਧਾਲੀਵਾਲ।**

# ਪੰਜਾਬ ਸਰਕਾਰ ਨੇ ਸਿੱਖਿਆ ਨੂੰ ਬਣਾਇਆ ਮੁੱਖ ਧੁਰਾ : ਜਗਰੂਪ ਸਿੰਘ ਗਿੱਲ

*35 ਲੱਖ ਰੁਪਏ ਦੀ ਲਾਗਤ ਨਾਲ ਸਮਾਰਟ ਕਲਾਸ ਰੂਮਾਂ ਅਤੇ ਚਾਰਦੀਵਾਰੀ ਦਾ ਕੀਤਾ ਉਦਘਾਟਨ*



ਬਠਿੰਡਾ, (ਮੱਖਣ ਸਿੰਘ ਬੁੱਟਰ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਦੇਸ਼ ਦੀ ਪਹਿਲੀ ਸਰਕਾਰ ਹੈ ਜਿਸ ਨੇ ਸਿੱਖਿਆ ਨੂੰ ਮੁੱਖ ਧੁਰਾ ਬਣਾਇਆ ਹੈ। ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਰਹੀ ਹੈ ਤੇ ਸਿੱਖਿਆ ਪ੍ਰਣਾਲੀ ਵਿਚ ਕ੍ਰਾਂਤੀਕਾਰੀ ਸੁਧਾਰ ਕੀਤੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਵਿਧਾਇਕ ਬਠਿੰਡਾ (ਸ਼ਹਿਰੀ) ਸ ਜਗਰੂਪ ਸਿੰਘ ਗਿੱਲ "ਪੰਜਾਬ ਸਿੱਖਿਆ ਕ੍ਰਾਂਤੀ" ਤਹਿਤ ਸਥਾਨਕ ਸ਼ਹੀਦ ਸਿਪਾਹੀ ਸੰਦੀਪ ਸਿੰਘ ਸਕੂਲ ਆਫ਼ ਐਮੀਨੈਂਸ ਪਰਸਰਾਮ ਨਗਰ ਵਿਖੇ ਲਗਭਗ 35 ਲੱਖ ਰੁਪਏ ਦੇ ਵਿਕਾਸ ਕਾਰਜਾਂ (ਸਮਾਰਟ ਕਲਾਸ ਰੂਮਾਂ ਅਤੇ ਚਾਰਦੀਵਾਰੀ) ਦਾ ਉਦਘਾਟਨ ਕਰਨ ਉਪਰੰਤ ਕੀਤਾ। ਇਸ ਦੌਰਾਨ ਵਿਧਾਇਕ ਸ ਜਗਰੂਪ ਸਿੰਘ ਗਿੱਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿੱਥੇ ਬਠਿੰਡਾ ਸ਼ਹਿਰ ਦੇ ਵਿਕਾਸ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਛੱਡੀ ਜਾਵੇਗੀ ਉਥੇ ਹੀ ਬੱਚਿਆਂ ਦੇ ਭਵਿੱਖ ਲਈ ਲਗਾਤਾਰ ਕੰਮ ਕਰਦੇ ਰਹਾਂਗੇ। ਉਨ੍ਹਾਂ ਕਿਹਾ ਕਿ ਸਾਡੀ ਆਉਣ ਵਾਲੀ ਪੀੜੀ ਦੀਆਂ ਜੜਾਂ ਤਾਂ ਹੀ ਮਜਬੂਤ ਹੋ ਸਕਦੀਆਂ ਹਨ ਜੇਕਰ ਉਨ੍ਹਾਂ ਨੂੰ ਵਿੱਦਿਆ ਦਾ ਚਾਨਣ ਮਿਲੇਗਾ। ਇਸ ਦੌਰਾਨ ਸ. ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਆਮ ਲੋਕਾਂ ਨੂੰ ਉਨ੍ਹਾਂ ਦੇ ਦਰ੍ਹਾਂ ਨੇੜੇ ਸਿਹਤ ਸਹੂਲਤਾਂ ਲਈ ਵਚਨਵੱਧ ਤੇ ਯਤਨਸ਼ੀਲ ਹੈ। ਇਸੇ ਲੜੀ ਦੇ ਤਹਿਤ ਸਥਾਨਕ ਸਿਵਲ ਹਸਪਤਾਲ ਵਿਖੇ 50 ਬੈਡ ਦਾ ਹਸਪਤਾਲ ਤਿਆਰ ਹੋ ਚੁੱਕਾ ਹੈ ਜਿਸ ਨੂੰ ਕਿ ਜਲਦ ਲੋਕ ਸਮਰਪਿਤ ਕਰ ਦਿੱਤਾ ਜਾਵੇਗਾ।ਵਿਧਾਇਕ ਗਿੱਲ ਨੇ ਇਹ ਵੀ ਕਿਹਾ ਕਿ ਲਗਭਗ

40 ਲੱਖ ਰੁਪਏ ਦੀ ਲਾਗਤ ਦੇ ਨਾਲ ਫਿਜੀਓਥਰੇਪੀ ਸਥਾਨਕ ਸਿਵਲ ਹਸਪਤਾਲ ਵਿੱਚ ਬਣਾਇਆ ਜਾ ਚੁੱਕਾ ਹੈ, ਜਿਨ੍ਹਾਂ ਦਾ ਲੋੜਵੰਦ ਲੋਕਾਂ ਨੂੰ ਭਰਪੂਰ ਲਾਹਾ ਮਿਲ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਮਲੋਟ ਰੋਡ 'ਤੇ 100 ਬੈੱਡ ਦਾ
ਨਵਾਂ ਹਸਪਤਾਲ ਲੋੜਵੰਦ ਲੋਕਾਂ ਲਈ 8 ਏਕੜ ਜਗ੍ਹਾ 'ਚ ਬਣਾਇਆ
ਜਾਵੇਗਾ, ਜਿਸ ਦਾ ਨੀਹ ਪੱਥਰ ਰੱਖ ਕੇ ਜਲਦ ਉਸ ਨੂੰ ਲੋਕ ਸਮਰਪਿਤ ਕੀਤਾ ਜਾਵੇਗਾ। ਇਸ ਮੌਕੇ ਕੌਂਸਲਰ
ਸੁਖਦੀਪ ਸਿੰਘ ਢਿੱਲੋਂ, ਸਕੂਲ ਦਾ ਸਮੁੱਚਾ ਸਟਾਫ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਆਦਿ ਹਾਜ਼ਰ ਸਨ।

# ਦਰਗਾਹ ਸੱਯਦ ਦਰਬਾਰ ਪਿੰਡ ਕਮਾਸਪੁਰ ਵਿਖੇ 7ਵਾਂ ਸਲਾਨਾ ਮੇਲਾ ਅੱਜ

*ਸੂਫੀ ਗਾਇਕ ਸ਼ਮਸ਼ੇਰ ਲਹਿਰੀ ਆਪਣੀ ਸੂਫੀਆਨਾ ਤੇ ਰੂਹਾਨੀਅਤ ਭਰੀ ਗਾਇਕੀ ਨਾਲ ਕਰਨਗੇ ਦਰਸ਼ਕਾਂ ਦਾ ਮਨੋਰੰਜਨ*



ਸਮਾਣਾ, (ਹਰਜਿੰਦਰ ਸਿੰਘ ਜਵੰਦਾ)- ਦਰਗਾਹ ਸੱਯਦ ਦਰਬਾਰ ਪਿੰਡ ਕਮਾਸਪੁਰ ਵਿਖੇ 7ਵਾਂ ਸਲਾਨਾ ਮੇਲਾ ਸਮੂਹ ਨਗਰ ਪੰਚਾਇਤ ਵਲੋਂ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਧੂਮਧਾਮ ਅਤੇ ਸ਼ਰਧਾਪੂਰਵਕ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਚਾਦਰ ਚੜਾਉਣ ਦੀ ਰਸਮ ਸਵੇਰੇ 10 ਵਜੇ ਅਦਾ ਕੀਤੀ ਜਾਵੇਗੀ।ਜ਼ਿਕਰਯੋਗ ਹੈ ਕਿ ਇਸ ਮੇਲੇ ਦੀਆਂ ਤਿਆਰੀਆਂ ਪਿਛਲੇ ਕਈ ਦਿਨਾਂ ਤੋਂ ਪੂਰੇ ਜ਼ੋਰਾਂ ਨਾਲ ਚਲ ਰਹੀਆਂ ਹਨ ਅਤੇ ਮੇਲੇ ਦੌਰਾਨ ਇਲਾਕੇ ਭਰ ਚੋਂ ਵੱਡੀ ਗਿਣਤੀ ਵਿਚ ਸੰਗਤਾਂ ਦਰਗਾਹ 'ਤੇ ਨਮਸਤਕ ਹੋਣ ਲਈ ਪੁੱਜਣਗੀਆਂ। ਇਸ ਮੌਕੇ ਕਰਵਾਏ ਜਾ ਰਹੇ ਸੱਭਿਆਚਾਰਕ ਪ੍ਰੋਗਰਾਮ ਮੌਕੇ ਨਾਮੀ ਸੂਫੀ ਗਾਇਕ ਸ਼ਮਸ਼ੇਰ ਲਹਿਰੀ ਹਾਜ਼ਰੀ ਭਰਨਗੇ ਅਤੇ ਆਪਣੀ ਸੂਫ਼ੀਆਨਾ ਤੇ ਰੂਹਾਨੀਅਤ ਭਰੀ ਗਾਇਕੀ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਗੇ।ਇਸ ਦੇ ਨਾਲ ਹੀ ਗਾਇਕ ਸੁਰਜੀਤ ਸਫਰੀ ਅਤੇ ਅੰਮ੍ਰਿਤ ਸੰਮਰਾ ਵੀ ਪੀਰਾਂ ਦਾ ਗੁਣਗਾਨ ਕਰਨਗੇ। ਇਸ ਮੇਲੇ ਤੇ ਪਹੁੰਚਣ ਲਈ ਨਗਰ ਪੰਚਾਇਤ ਵਲੋਂ ਸਮੂਹ ਇਲਾਕਾ ਵਾਸੀਆਂ ਨੂੰ ਖੁੱਲਾ ਸੱਦਾ ਹੈ। ਇਸ ਮੌਕੇ ਸੰਗਤਾਂ ਲਈ ਅਟੁੱਟ ਲੰਗਰ ਵੀ ਲਗਾਇਆ ਜਾਵੇਗਾ?।

# ਵਿਦਿਆਰਥੀਆਂ ਦੇ ਭਵਿੱਖ ਨੂੰ ਸੰਵਾਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਏਗੀ ' ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ



ਧੂਰੀ, ( ਹਰਜੀਤ ਸਿੰਘ ਕਾਤਿਲ , ਮਨਪ੍ਰੀਤ ਕੌਰ )-ਪੰਜਾਬ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਅੱਜ ਸਰਕਾਰੀ ਹਾਈ ਸਕੂਲ ਬਰੜਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਲਵਾਨ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭਲਵਾਨ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਆਯੋਜਿਤ ਸਮਾਗਮਾਂ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਚੇਅਰਮੈਨ ਦਲਵੀਰ ਸਿੰਘ ਢਿੱਲੋ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਨੁਹਾਰ ਨੂੰ ਸੰਵਾਰਨ ਲਈ ਜੋ ਸਿੱਖਿਆ ਕ੍ਰਾਂਤੀ ਨਾਮ ਦੀ ਮੁਹਿੰਮ ਚਲਾਈ ਹੈ ਉਸ ਨਾਲ ਵਿਦਿਆਰਥੀਆਂ ਦੇ ਮਾਪਿਆਂ ਵਿੱਚ ਭਾਰੀ ਉਤਸ਼ਾਹ ਹੈ। ਉਹਨਾਂ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਆਮ ਆਦਮੀ ਪਾਰਟੀ ਸਰਕਾਰ ਨੇ ਪੰਜਾਬ ਵਿੱਚ ਵਿਕਾਸ ਦੀ ਨਵੀਂ ਇਬਾਰਤ ਲਿਖੀ ਹੈ ਅਤੇ ਸਕੂਲ ਸਿੱਖਿਆ ਦੇ ਖੇਤਰ ਵਿੱਚ ਵੀ ਵੱਡੀਆਂ ਤੇ ਇਤਿਹਾਸਿਕ ਪ੍ਰਾਪਤੀਆਂ ਦਰਜ ਕੀਤੀਆਂ ਗਈਆਂ ਹਨ ਜਿਸ ਸਦਕਾ ਸਾਡੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਮਨੋਬਲ ਵਧਿਆ ਹੈ।
ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਵਿਧਾਨ ਸਭਾ ਹਲਕਾ ਧੂਰੀ ਅਧੀਨ ਆਉਂਦੇ ਸਾਰੇ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦਾ ਕਾਇਆਕਲਪ ਕੀਤਾ ਜਾ ਰਿਹਾ ਹੈ ਅਤੇ ਯੋਜਨਾਬੱਧ ਢੰਗ ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਜਰੂਰਤਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਆਉਣ ਵਾਲੇ
ਸਮੇਂ ਵਿੱਚ ਕੋਈ ਵੀ ਸਕੂਲ ਅਤਿ ਆਧੁਨਿਕ ਸੁਵਿਧਾਵਾਂ ਤੋਂ ਵਾਂਝਾ ਨਹੀਂ ਰਹੇਗਾ। ਅੱਜ ਬਰੜਵਾਲ ਸਕੂਲ ਵਿਖੇ 20.75 ਲੱਖ ਰੁਪਏ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਲਵਾਨ ਵਿੱਚ 13.40 ਲੱਖ ਰੁਪਏ ਅਤੇ ਪ੍ਰਾਇਮਰੀ ਸਕੂਲ ਭਲਵਾਨ ਵਿੱਚ 47.91 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ।



ਕੀ ਤੁਸੀਂ ਲੋਕ ਭਲਾਈ ਦਾ ਸੁਨੇਹਾ ਪੰਜਾਬੀ ਅਖ਼ਬਾਰ ਦੇ
ਪੱਤਰਕਾਰ ਬਣਨਾ ਚਾਹੁੰਦੇ ਹੋ ?
ਜੇਕਰ ਹਾਂ ਤਾਂ ਇਸ ਨੰਬਰ ਤੇ ਸੰਪਰਕ ਕਰੋ :9914246321